# ਨਿਰੰਤਰ ਸਿੱਖਿਆ ਫੰਡ



持續進修基金
Continuing Education Fund

(Punjabi)

ਕੰਟੀਨਿਊਇੰਗ ਐਜੂਕੇਸ਼ਨ ਫੰਡ (CEF) ਨਿਰੰਤਰ ਸਿੱਖਿਆ ਅਤੇ ਸਿਖਲਾਈ ਨੂੰ ਅੱਗੇ ਵਧਾਉਣ ਦੀ ਇੱਛਾ ਨਾਲ ਬਾਲਗਾਂ ਨੂੰ ਸਬਸਿਡੀਆਂ ਪ੍ਰਦਾਨ ਕਰਦਾ ਹੈ।



ਹਾਂਗਕਾਂਗ ਦੇ ਵਸਨੀਕਾਂ ਨੂੰ ਸਵੈ-ਵਾਧੇ ਨੂੰ ਅੱਗੇ ਵਧਾਉਣ ਲਈ ਹੋਰ ਉਤਸ਼ਾਹਤ ਕਰਨ ਲਈ, ਸਰਕਾਰ (CEF) ਸਬਸਿਡੀ ਦੀ ਸੀਮਾ ਨੂੰ ਵਧਾ ਕੇ ਪ੍ਰਤੀ ਵਿਅਕਤੀ $25,000 ਕਰ ਦਿੰਦੀ ਹੈ ਅਤੇ 1 ਅਗਸਤ 2022 ਤੋਂ ਉੱਪਰਲੀ ਉਮਰ ਸੀਮਾ ਨੂੰ ਹਟਾ ਦਿੰਦੀ ਹੈ।



## ਸਬਸਿਡੀ ਦੀ ਰਕਮ

(1 ਅਗਸਤ 2022 ਨੂੰ ਜਾਂ ਇਸ ਤੋਂ ਬਾਅਦ ਸ਼ੁਰੂ ਹੋਣ ਵਾਲੇ CEF ਕੋਰਸਾਂ ਲਈ ਲਾਗੂ)

(1) CEF ਸਬਸਿਡੀ ਦੀ ਸੀਮਾ $20,000 ਤੋਂ $25,000 ਤੱਕ ਵਧਾ ਦਿੱਤੀ ਗਈ ਹੈ; ਅਤੇ

(2) ਸਿਖਿਆਰਥੀਆਂ ਦੁਆਰਾ ਸਹਿ-ਭੁਗਤਾਨ ਅਨੁਪਾਤ ਪਹਿਲੀ $10,000 ਸਬਸਿਡੀ ਲਈ ਕੋਰਸ ਦੀ ਫੀਸ ਦਾ 20% ਹੈ, ਅਤੇ ਬਾਕੀ ਬਚੇ $15,000 ਲਈ ਸਬਸਿਡੀ ਕੋਰਸ ਫੀਸ ਦਾ 40% ਹੈ।

ਇੱਕ "ਸਬਸਿਡੀ ਕੈਲਕੁਲੇਟਰ" CEF ਵੈਬਸਾਈਟ ਤੇ ਉਪਲਬਧ ਹੈ ਤਾਂ ਜੋ ਬਿਨੈਕਾਰਾਂ ਨੂੰ ਉਸ ਸਬਸਿਡੀ ਦੀ ਰਕਮ, ਜਿਸ ਲਈ ਉਹ ਯੋਗ ਹਨ ਅਤੇ ਉਹਨਾਂ ਦੁਆਰਾ ਸਹਿਣ ਕੀਤੀ ਜਾਣ ਵਾਲੀ ਕੋਰਸ ਫੀਸ, ਦਾ ਅੰਦਾਜ਼ਾ ਲਗਾਉਣ ਦੀ ਸਹੂਲਤ ਦਿੱਤੀ ਜਾ ਸਕੇ।

## ਯੋਗਤਾ ਮਾਪਦੰਡ

(1) ਇੱਕ ਹਾਂਗਕਾਂਗ ਨਿਵਾਸੀ, ਜਿਸ ਦੇ ਕੋਲ ਨਿਵਾਸ ਦਾ ਅਧਿਕਾਰ ਹੈ ਜਾਂ ਬਿਨਾਂ ਕਿਸੇ ਪਾਬੰਦੀ ਦੇ ਹਾਂਗਕਾਂਗ ਵਿੱਚ ਰਹਿਣ ਜਾਂ ਬਸੇ ਰਹਿਣ ਦਾ ਅਧਿਕਾਰ ਹੈ, ਜਾਂ ਮੇਨਲੈਂਡ ਚੀਨ ਤੋਂ ਵਨ-ਵੇ ਪਰਮਿਟ ਦਾ ਧਾਰਕ ਹੈ;

(2) ਜਿਸਦੀ ਉਮਰ CEF ਕੋਰਸ ਸ਼ੁਰੂ ਕਰਨ ਵੇਲੇ 18 ਸਾਲ ਜਾਂ ਇਸ ਤੋਂ ਵੱਧ ਹੈ;

(3) CEF ਕੋਰਸ ਨੂੰ ਸਫਲਤਾਪੂਰਵਕ ਪੂਰਾ ਕੀਤਾ ਹੈ ਅਤੇ ਟਿਊਸ਼ਨ ਫੀਸ ਦਾ ਭੁਗਤਾਨ ਕੀਤਾ ਹੈ*; ਅਤੇ

(4) ਉਸਨੇ ਉਸੇ ਕੋਰਸ, ਮੋਡੀਊਲ ਜਾਂ ਸਟਡੀ ਕ੍ਰੈਡਿਟ ਦੀ ਯੂਨਿਟ ਲਈ ਜਨਤਕ ਫੰਡਿੰਗ ਸਕੀਮਾਂ ਦੇ ਤਹਿਤ ਕੋਈ ਹੋਰ ਜਨਤਕ ਫੰਡ ਜਾਂ ਵਿੱਤੀ ਸਹਾਇਤਾ ਪ੍ਰਾਪਤ ਨਹੀਂ ਕੀਤੀ ਹੈ।



ਨੋਟ : ਸਾਰੇ CEF ਕੋਰਸ ਪ੍ਰਦਾਤਾਵਾਂ ਨੂੰ CEF ਕੋਰਸਾਂ ਦੀ ਟਿਊਸ਼ਨ ਫੀਸ ਨੂੰ ਬਰਾਬਰ ਮਾਸਿਕ ਕਿਸ਼ਤਾਂ ਦੇ ਆਧਾਰ ਤੇ ਇੱਕਤਰ ਕਰਨ ਦੀ ਲੋੜ ਹੁੰਦੀ ਹੈ, ਸਿਵਾਏ ਉਹਨਾਂ ਦੇ ਜਿਹਨਾਂ ਨੂੰ ਕਿਰਤ ਅਤੇ ਭਲਾਈ ਦੇ ਸੱਕਤਰ ਦੁਆਰਾ ਛੋਟ ਦਿੱਤੀ ਗਈ ਹੈ।

## ਅਰਜ਼ੀ ਦੀ ਪ੍ਰਕ੍ਰਿਆਵਾਂ

ਯੋਗ ਬਿਨੈਕਾਰਾਂ ਨੂੰ CEF ਅਰਜ਼ੀ-ਪਤ੍ਰ (SFO 313)ਨੂੰ ਪੂਰਾ ਭਰਨਾ ਚਾਹੀਦਾ ਹੈ ਅਤੇ CEF ਕੋਰਸ ਦੇ ਸਫਲਤਾਪੂਰਵਕ ਪੂਰਾ ਹੋਣ ਤੇ ਇੱਕ ਸਾਲ ਦੇ ਅੰਦਰ CEF ਦੇ ਦਫਤਰ (OCEF) ਤੇ ਸਹਾਇਕ ਦਸਤਾਵੇਜਾਂ ਦੇ ਨਾਲ ਇਸ ਨੂੰ ਜਮ੍ਹਾਂ ਕਰਾਉਣਾ ਚਾਹੀਦਾ ਹੈ।

### ਪੇਪਰ-ਅਧਾਰਿਤ ਅਰਜ਼ੀ

ਅਰਜ਼ੀ ਫਾਰਮ OCEF ਜਾਂ ਹੋਮ ਅਫੈਯਰ ਪੁੱਛਗਿਛ ਕੇਂਦਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਜਾਂ CEF ਦੀ ਵੈਬਸਾਈਟ ਤੋਂ ਡਾਉਨਲੋਡ ਕੀਤਾ ਜਾ ਸਕਦਾ ਹੈ (https://www.wfsfaa.gov.hk/cef/en/index.htm).

ਪੂਰਾ ਭਰਿਆ ਅਰਜ਼ੀ ਫਾਰਮ ਸਹਾਇਕ ਦਸਤਾਵੇਜਾਂ ਦੇ ਨਾਲ ਵਿਅਕਤੀਗਤ ਤੌਰ ਤੇ ਜਾਂ ਡਾਕ ਰਾਹੀਂ OCEF ਤੇ ਜਮ੍ਹਾਂ ਕੀਤਾ ਜਾਣਾ ਚਾਹੀਦਾ ਹੈ। ਬਿਨੈਕਾਰ 11/F ਚੇਉਂਗ ਸ਼ਾ ਵਾਨ ਸਰਕਾਰੀ ਦਫਤਰਾਂ ਤੇ ਡ੍ਰੋਪ-ਇਨ ਬਾਕਸ ਵਿੱਚ ਵੀ ਆਪਣੀਆਂ ਅਰਜ਼ੀਆਂ ਪਾ ਸਕਦੇ ਹਨ।

### ਇਲੈਕਟ੍ਰਾਨਿਕ ਅਰਜ਼ੀ

ਬਿਨੈਕਾਰ ਔਨਲਾਈਨ ਅਰਜ਼ੀ ਫਾਰਮ ਪੂਰਾ ਕਰਕੇ ਜਮ੍ਹਾਂ ਕਰਵਾਉਣ ਲਈ ਸਹਿਯੋਗੀ ਦਸਤਾਵੇਜਾਂ ਦੇ ਨਾਲ "GovHK" ਦੇ ਜਰੀਏ ਅਪਲੋਡ ਕਰ ਸਕਦੇ ਹਨ।

CEF ਅਰਜ਼ੀ ਫਾਰਮ https://eform.cefs.gov.hk/form/sfo017/en/ ਤੇ ਜਾਂ ਥੱਲੇ ਦਿੱਤੇ QR ਕੋਡ ਤੇ ਸਕੈਨ ਕਰਕੇ ਜਮ੍ਹਾਂ ਕਰੋ

CEF ਔਨਲਾਈਨ ਅਰਜ਼ੀ

## ਸਾਡੇ ਨਾਲ ਸੰਪਰਕ ਕਰੋ

| | |
|---|---|
| ਦਫਤਰ ਦਾ ਪਤਾ | ਯੂਨਿਟ 07-11, 25/F, CDW ਬਿਲਡਿੰਗ, 388 ਕੈਸਲ ਪੀਕ ਰੋਡ, ਸੁਏਨ ਵਾਨ, ਨਿਊ ਟ੍ਰਰੀਟੋਰੀਜ਼<br><br>ਦਫਤਰ ਦਾ ਸਮਾਂ: ਸੋਮਵਾਰ ਤੋਂ ਸ਼ੁਕਰਵਾਰ<br>ਸਵੇਰੇ 8:45 ਤੋਂ ਦੋਪਹਿਰ 1:00<br>ਦੋਪਹਿਰ 2:00 ਤੋਂ ਸ਼ਾਮ 5:45<br>(ਜਨਤਕ ਛੁੱਟੀਆਂ ਨੂੰ ਛੱਡ ਕੇ) |
| 24-ਘੰਟੇ ਦੀ ਪੁੱਛਗਿਛ ਹੋਟਲਾਈਨ | 3142 2277<br>(1823 ਦੇ ਸਟਾਫ਼ ਦੁਆਰਾ ਸੰਚਾਲਿਤ) |
| ਈਮੇਲ | cef_sfo@wfsfaa.org.hk |
| ਵੈਬਸਾਈਟ | https://wfsfaa.gov.hk/cef |

*1 ਅਗਸਤ 2022 ਤੋਂ ਪਹਿਲਾਂ ਸ਼ੁਰੂ ਹੋਣ ਵਾਲੇ ਕੋਰਸਾਂ ਤੇ ਪਹਿਲਾਂ ਤੋਂ ਲਾਗੂ ਲੋੜਾਂ ਦੇ ਮੁਤਾਬਕ ਕਾਰਵਾਹੀ ਕੀਤੀ ਜਾਵੇਗੀ।



(ਅਗਸਤ 2022)